# SET 2013

| | |
|---|---|
| **PAPER – III** | |
| **PUNJABI** | |
| Signature of the Invigilator | Question Booklet No. ................................... |
| 1. | OMR Sheet No.. ................................... |
| **Subject Code** 32 | **ROLL No.** |
| **Time Allowed : 150 Minutes** | **Max. Marks : 150** |
| No. of pages in this Booklet : **11** | No. of Questions : **75** |

### INSTRUCTIONS FOR CANDIDATES

1. Write your Roll No. and the OMR Sheet No. in the spaces provided on top of this page.
2. Fill in the necessary information in the spaces provided on the OMR response sheet.
3. This booklet consists of seventy five (75) compulsory questions each carrying 2 marks.
4. Examine the question booklet carefully and tally the number of pages/questions in the booklet with the information printed above. **Do not accept a damaged or open booklet**. Damaged or faulty booklet may be got replaced within the first **5** minutes. Afterwards, neither the Question Booklet will be replaced nor any extra time given.
5. Each Question has four alternative responses marked (A), (B), (C) and (D) in the OMR sheet. You have to completely darken the circle indicating the most appropriate response against each item as in the illustration.

   (A) (B) ● (D)

6. All entries in the OMR response sheet are to be recorded in the original copy only.
7. Use only Blue/Black Ball point pen.
8. Rough Work is to be done on the blank pages provided at the end of this booklet.
9. If you write your Name, Roll Number, Phone Number or put any mark on any part of the OMR Sheet, except in the spaces allotted for the relevant entries, which may disclose your identity, or use abusive language or employ any other unfair means, you will render yourself liable to disqualification.
10. You have to return the Original OMR Sheet to the invigilators at the end of the examination compulsorily and must not carry it with you outside the Examination Hall. **You are, however, allowed to carry the test booklet and the duplicate copy of OMR Sheet** on conclusion of examination.
11. Use of any calculator, mobile phone or log table etc. is strictly prohibited.
12. **There is no negative marking.**

**32-13**

**PUNJABI**
**PAPER-III**

**ਨੋਟ :-** ਇਸ ਪ੍ਰਸ਼ਨ ਪੱਤਰ ਵਿੱਚ **ਪੰਝੱਤਰ (75)** ਮਲਟੀਪਲ ਚੋਣ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ **ਦੋ** (**2**) ਅੰਕ ਹਨ। ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਭਾਸ਼ਾ ਦੀ ਸੰਚਾਰ ਪ੍ਰਕਿਰਿਆ ਦਾ ਅੰਗ ਹੈ :
   (A) ਬੋਲ (B) ਇਸ਼ਾਰਾ
   (C) ਹਾਵ ਭਾਵ (D) ਉਪਰੋਕਤ ਸਾਰੇ ਹੀ

2. ਭਾਸ਼ਾ ਦੀ ਵਿਸ਼ੇਸ਼ਤਾ ਹੈ :
   (A) ਸੰਚਾਰ, ਉਚਾਰ, ਅਪਰੰਪਰਾਗਤ
   (B) ਆਪਹੁਦਰੀ, ਸਿਸਟਮ ਬੱਧ ਅਪਰੰਪਰਾਗਤ
   (C) ਪ੍ਰਤੀਕਾਤਮਕ, ਸਿਸਟਮੀ, ਸੰਸਕਾਰਮੂਲਕ
   (D) ਪਰਿਵਰਤਨਸ਼ੀਲ, ਜਟਿਲ, ਸੀਮਿਤ

3. ਨੌਮ ਚਮਸਕੀ ਦੇ ਭਾਸ਼ਾ ਸੰਕਲਪ ਹਨ :
   (A) ਭਾਸ਼ਾ ਯੋਗਤਾ ਅਤੇ ਭਾਸ਼ਾ ਨਿਭਾਉ
   (B) ਭਾਸ਼ਾ ਯੋਗਤਾ ਅਤੇ ਸਾਹਿਤ ਯੋਗਤਾ
   (C) ਗਤੀਸ਼ੀਲ ਅਤੇ ਗਤੀਹੀਣ ਭਾਸ਼ਾ ਰੂਪ
   (D) ਅਮੂਰਤ ਅਤੇ ਸਮੂਰਤ ਭਾਸ਼ਾ ਰੂਪ

4. ਪੰਜਾਬੀ ਬੋਲੀ ਦਾ ਜਨਮ ਕਿਸ ਅਪਭ੍ਰੰਸ਼ ਤੋਂ ਹੋਇਆ ਮੰਨਿਆਂ ਜਾਂਦਾ ਹੈ ?
   (A) ਸੌਰਸੱਨੀ
   (B) ਪੈਸ਼ਾਚੀ
   (C) ਮਗਧੀ
   (D) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

5. ਪੱਛਮੀ ਭਾਸ਼ਾ ਵਿਗਿਆਨੀਆਂ ਨੇ ਕਿਸ ਭਾਰਤੀ ਭਾਸ਼ਾ ਵਿਗਿਆਨੀ ਨੂੰ ਸਭ ਤੋਂ ਵੱਧ ਮਾਨਤਾ ਦਿੱਤੀ ?
   (A) ਭਰਥਰੀ ਹਰੀ (B) ਪਾਨਿਨੀ
   (C) ਭੋਲਾ ਨਾਥ ਤਿਵਾੜੀ (D) ਕਾਲਾ ਸਿੰਘ ਬੇਦੀ

6. ਕਿਹੜਾ ਜੁੱਟ ਸਹੀ ਹੈ ?
   (A) ਪੁਆਧੀ : ਰੋਪੜ, ਨਵਾਂ ਸ਼ਹਿਰ
   (B) ਮਾਝੀ : ਪਟਿਆਲਾ, ਜਲੰਧਰ
   (C) ਮਲਵਈ : ਬਠਿੰਡਾ, ਲੁਧਿਆਣਾ
   (D) ਦੁਆਬੀ : ਅੰਮ੍ਰਿਤਸਰ, ਹੁਸ਼ਿਆਰਪੁਰ

7. ਮੱਧਕਾਲੀ ਭਾਰਤੀ – ਆਰੀਅਨ ਭਾਸ਼ਾ–ਪਰਿਵਾਰ ਦੀ ਭਾਸ਼ਾ ਹੈ :
   (A) ਵੈਦਿਕ (B) ਪਾਲੀ
   (C) ਸੰਸਕ੍ਰਿਤ (D) ਬੰਗਾਲੀ

8. ਪੰਜਾਬੀ ਦੀਆਂ ਤ, ਥ, ਦ, ਧ, ਨ ਧੁਨੀਆਂ ਹਨ :
   (A) ਦੰਤੀ (B) ਹੋਠੀ
   (C) ਤਲਵੀ (D) ਕੰਠੀ

9. ਗੁਰਮੁਖੀ ਦੇ ੳ, ਅ, ੲ ਹਨ :
   (A) ਮੂਲ ਸਵਰ (B) ਵਿਅੰਜਨ
   (C) ਅਰਧ–ਸਵਰ (D) ਸਵਰ–ਵਾਹਕ

10. ਸੰਯੁਕਤ ਵਾਕ ਹੁੰਦਾ ਹੈ :
   (A) ਸਮਾਨ ਤੇ ਅਧੀਨ ਵਾਕਾਂ ਦਾ ਜੋੜ
   (B) ਦੋ ਵਾਕੰਸ਼ਾਂ ਦਾ ਜੋੜ
   (C) ਸਮਾਨ ਉਪ ਵਾਕਾਂ ਦਾ ਜੋੜ
   (D) ਦੋ ਅਧੀਨ ਉਪ ਵਾਕਾਂ ਦਾ ਜੋੜ

11. ਲਿਪੀ ਗ੍ਰਾਮ ਵਿਗਿਆਨ ਦੀ ਲਘੁਤਮ ਇਕਾਈ ਹੈ :
   (A) ਮੌਰਫੀਮ (B) ਧੁਨੀਮ
   (C) ਐਲੋਗ੍ਰਾਫ (D) ਗ੍ਰਾਫੀਮ

12. ਭਾਸ਼ਾ ਗ੍ਰਹਿਣ ਕੀਤੀ ਜਾਂਦੀ ਹੈ :
(A) ਵਿਆਕਰਣ ਵਿੱਚੋਂ (B) ਸਮਾਜ ਵਿੱਚੋਂ
(C) ਪੁਸਤਕਾਂ ਵਿੱਚੋਂ (D) ਉਚਾਰ ਵਿੱਚੋਂ

13. ਇਨ੍ਹਾਂ ਵਿੱਚੋਂ ਕਿਹੜੀ ਪੁਸਤਕ ਕੋਸ਼ ਨਹੀਂ ਹੈ ?
(A) ਗੁਰ ਸ਼ਬਦ ਰਤਨਾਕਰ ਮਹਾਨ ਕੋਸ਼
(B) ਸਿੱਖ ਪੰਥ ਵਿਸ਼ਵ ਕੋਸ਼
(C) ਗੁਰੂ ਗ੍ਰੰਥ ਸਾਹਿਬ : ਲੋਕਧਾਰਾਈ ਕੋਸ਼
(D) ਗੁਰ ਸ਼ਬਦ ਰਤਨ ਪ੍ਰਕਾਸ਼

14. ਇਸਤਰੀ ਨੂੰ "ਬਾਘਣ" ਕਿਸ ਨਾਥ ਕਵੀ ਨੇ ਕਿਹਾ ?
(A) ਅਛੰਦਰ ਨਾਥ (B) ਚਰਪਟ ਨਾਥ
(C) ਗੋਰਖ ਨਾਥ (D) ਜਲੰਧਰ ਨਾਥ

15. ਪੰਜਾਬੀ ਕਿੱਸਾ ਕਾਵਿ ਵਿੱਚ ਬੈਂਤ ਛੰਦ ਦੀ ਵਰਤੋਂ ਦਾ ਆਰੰਭ ਕੀਤਾ :
(A) ਦਮੋਦਰ ਨੇ (B) ਅਹਿਮਦ ਗੁੱਜਰ ਨੇ
(C) ਪੀਲੂ ਨੇ (D) ਵਾਰਿਸ ਸ਼ਾਹ ਨੇ

16. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ਪੰਕਤੀ ਹੈ :
(A) ਜਪੁਜੀ ਸਾਹਿਬ ਵਿੱਚੋਂ (B) ਆਸਾ ਦੀ ਵਾਰ ਵਿੱਚੋਂ
(C) ਸਿਧ ਗੋਸਟਿ ਵਿੱਚੋਂ (D) ਪਟੀ ਵਿੱਚੋਂ

17. ਜੰਮੂ ਯੂਨੀਵਰਸਿਟੀ, ਜੰਮੂ ਵਿੱਚ ਪੰਜਾਬੀ ਵਿਭਾਗ ਕਾਇਮ ਹੋਇਆ :
(A) 1947 ਈ. (B) 1960 ਈ.
(C) 1973 ਈ. (D) 1980 ਈ.

18. ਕਿਨ੍ਹਾਂ ਦੋ ਪੰਜਾਬੀ ਨਾਵਲਾਂ ਉਪਰ ਫਿਲਮਾਂ ਵੀ ਬਣੀਆਂ ?
(A) ਪਵਿੱਤਰ ਪਾਪੀ ਤੇ ਪਰਸਾ
(B) ਪਿੰਜਰ ਤੇ ਆਸਤਕ ਨਾਸਤਕ
(C) ਅੰਨ੍ਹੇ ਘੋੜੇ ਦਾ ਦਾਨ ਤੇ ਚਿੱਟਾ ਲਹੂ
(D) ਪਵਿੱਤਰ ਪਾਪੀ ਤੇ ਅੰਨ੍ਹੇ ਘੋੜੇ ਦਾ ਦਾਨ

19. "ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਓ ਖੇਤੁ ਜੁ ਮਾਡਿਓ ਸੂਰਮਾ ਅਬ ਜੂਝਨ ਕੋ ਚਾਓ" – ਕਿਸ ਦੀਆਂ ਪੰਕਤੀਆਂ ਹਨ ?
(A) ਭਗਤ ਕਬੀਰ ਜੀ (B) ਗੁਰੂ ਨਾਨਕ ਦੇਵ ਜੀ
(C) ਗੁਰੂ ਤੇਗ ਬਹਾਦਰ ਜੀ (D) ਗੁਰੂ ਗੋਬਿੰਦ ਸਿੰਘ ਜੀ

20. ਕਿਹੜਾ ਪੰਜਾਬੀ ਖੋਜਕਾਰ ਨਹੀਂ ਹੈ ?
(A) ਰਤਨ ਸਿੰਘ ਜੱਗੀ (B) ਪਿਆਰ ਸਿੰਘ
(C) ਧਰਮ ਸਿੰਘ (D) ਸੁਜਾਨ ਸਿੰਘ

21. 'ਘਾਹ ਦੀਆਂ ਪੱਤੀਆਂ' ਦਾ ਮੂਲ ਲੇਖਕ ਹੈ :
(A) ਸ਼ੈਕਸਪੀਅਰ (B) ਥਾਮਸ ਹਾਰਡੀ
(C) ਵਾਲਟ ਵਿਟਮੈਨ (D) ਟੀ. ਐਸ. ਈਲੀਅਟ

22. 'ਪੰਜਾਬੀ ਲੇਖਕ ਡਾਇਰੈਕਟਰੀ' ਕਿਸ ਅਦਾਰੇ ਵਲੋਂ ਪ੍ਰਕਾਸ਼ਿਤ ਪੁਸਤਕ ਹੈ ?
(A) ਪੰਜਾਬੀ ਯੂਨੀਵਰਸਿਟੀ, ਪਟਿਆਲਾ
(B) ਭਾਸ਼ਾ ਵਿਭਾਗ, ਪੰਜਾਬ
(C) ਸਾਹਿਤ ਅਕਾਡਮੀ, ਦਿੱਲੀ
(D) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

23. ਅਵਲ ਹਮਦ ਖੁਦਾਇ ਦਾ ਵਿਰਦ ਕੀਜੈ ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ ਕੀ ਹੈ ?
(A) ਹਮਦ (B) ਨਾਅਤ
(C) ਮਨਕਬਤ (D) ਆਤਮ

24. ਦੋਹੜਾ ਕਾਵਿ ਰੂਪ ਕਿਸ ਸੂਫੀ ਕਵੀ ਨੇ ਨਹੀਂ ਵਰਤਿਆ ?
(A) ਵਜੀਦ (B) ਸੁਲਤਾਨ ਬਾਹੂ
(C) ਹਾਸ਼ਮ (D) ਸ਼ਾਹ ਹੁਸੈਨ

25. ਕਿਹੜਾ ਕਵੀ ਸਾਰੀ ਉਮਰ ਕਿੱਸੇ ਕਿਤਾਬਾਂ ਜੋੜਨ ਦਾ ਦਾਅਵਾ ਕਰਦਾ ਹੈ ?
(A) ਕਾਦਰਯਾਰ (B) ਹਾਸ਼ਮ
(C) ਅਹਿਮਦਯਾਰ (D) ਫਜ਼ਲਸ਼ਾਹ

26. 'ਸ੍ਰੇਸ਼ਟ ਗੋਸਟਾਂ' ਕਿਸ ਪੁਸਤਕ ਦਾ ਅਨੁਵਾਦ ਹੈ ?
(A) ਪੰਜਾਬ ਮੇਂ ਉਰਦੂ (B) ਖੈਰੁਲ-ਮਜਾਲਿਸ
(C) ਚਾਰ ਬਾਗ-ਏ-ਪੰਜਾਬ (D) ਸੈਰ-ਏ-ਪੰਜਾਬ

27. ਸ਼ਾਹ ਮੁਹੰਮਦ ਅਤੇ ਕਾਨ੍ਹ ਸਿੰਘ ਬੰਗਾ ਵਿਚਕਾਰ ਕੀ ਸਾਂਝ ਹੈ ?
(A) ਦੋਵੇਂ ਇਕੋ ਪਿੰਡ ਦੇ ਰਹਿਣ ਵਾਲੇ ਸਨ
(B) ਦੋਹਾਂ ਨੇ ਬੈਂਤ ਛੰਦ ਵਰਤਿਆ
(C) ਦੋਵੇਂ ਇਕ ਗੁਰੂ ਦੇ ਚੇਲੇ ਸਨ
(D) ਦੋਹਾਂ ਨੇ ਜੰਗਨਾਮੇ ਲਿਖੇ

28. ਭਾਰਤੀ ਕਾਵਿ ਸ਼ਾਸ਼ਤਰ ਦਾ ਕੇਂਦਰੀ ਪ੍ਰਸ਼ਨ ਕੀ ਹੈ ?
(A) ਅਭਿਧਾ ਸ਼ਕਤੀ ਦੀ ਪਛਾਣ
(B) ਲਕਸ਼ਣਾ ਸ਼ਕਤੀ ਦੀ ਪਛਾਣ
(C) ਕਾਵਿ ਦੀ ਆਤਮਾ ਦੀ ਪਛਾਣ
(D) ਵਕ੍ਰੋਕਤੀ ਦੀ ਪਛਾਣ

29. ਇਨ੍ਹਾਂ ਵਿੱਚੋਂ ਕਿਹੜੀ ਸ੍ਵੈਜੀਵਨੀ ਨਹੀਂ ਹੈ ?
(A) ਅਭਿਸਾਰਿਕਾ
(B) ਆਰਸੀ
(C) ਅਮਲ ਜਿ ਕੀਤੇ ਦੁਨੀ ਵਿੱਚ
(D) ਪਗਡੰਡੀਆਂ

30. 'ਪਾਕਿਸਤਾਨ ਮਲੋ' ਦਾ ਮੂਲ ਲੇਖਕ ਹੈ :
(A) ਪ੍ਰਕਾਸ਼ ਟੰਡਨ (B) ਖੁਸ਼ਵੰਤ ਸਿੰਘ
(C) ਕੁਲਦੀਪ ਨਈਅਰ (D) ਵਿਕਰਮ ਸੇਠ

31. 'ਮਰਦ ਅਗੰਮੜਾ' ਤੇ 'ਯਾਰ-ਏ-ਗਰੀਬਾਂ' ਮਹਾਂ ਕਾਵਿ ਕਿਸ ਗੁਰੂ ਸਾਹਿਬ ਬਾਰੇ ਹਨ ?
(A) ਗੁਰੂ ਨਾਨਕ ਦੇਵ ਜੀ (B) ਗੁਰੂ ਅਰਜਨ ਦੇਵ ਜੀ
(C) ਗੁਰੂ ਤੇਗ ਬਹਾਦਰ ਜੀ (D) ਗੁਰੂ ਗੋਬਿੰਦ ਸਿੰਘ ਜੀ

32. 'ਮੇਰਾ ਪਿੰਡ' ਪੁਸਤਕ ਮੂਲ ਰੂਪ ਵਿੱਚ ਚਿਤ੍ਰਿਤ ਕਰਦੀ ਹੈ :
(A) ਇਤਿਹਾਸ ਨੂੰ (B) ਸਭਿਆਚਾਰ ਨੂੰ
(C) ਰਾਜਨੀਤੀ ਨੂੰ (D) ਭੂਗੋਲ ਨੂੰ

33. ਬਾਬਾ ਫਰੀਦ ਕਿਸਦੇ ਮੁਰੀਦ ਸਨ ?
(A) ਅਲੀ ਹੁਜਵੀਰੀ ਦੇ
(B) ਸਾਈਂ ਮੀਆਂ ਮੀਰ ਦੇ
(C) ਖੁਆਜਾ ਉਸਮਾਨ ਹਾਰੂਨੀ
(D) ਖੁਆਜਾ ਬਖਤਿਆਰ ਕਾਕੀ

34. 'ਨਿੰਮ ਦੇ ਪੱਤੇ' ਅਤੇ 'ਪੱਕੀਆਂ ਇੱਟਾਂ' ਦੀ ਵਿਧਾ ਹੈ :
(A) ਕਹਾਣੀ (B) ਨਾਵਲ
(C) ਰੇਖਾ ਚਿੱਤਰ (D) ਕਵਿਤਾ

35. ਅੰਮ੍ਰਿਤਾ ਪ੍ਰੀਤਮ ਦੇ ਪਹਿਲੇ ਕਾਵਿ-ਸੰਗ੍ਰਹਿ ਦਾ ਨਾਂ ਸੀ :
(A) ਪੱਥਰ ਗੀਟੇ (B) ਸੁਨੇਹੜੇ
(C) ਛੇ ਰੁੱਤਾਂ (D) ਅੰਮ੍ਰਿਤ ਲਹਿਰਾਂ

36. ਸੰਰਚਨਾਵਾਦੀ ਸਾਹਿਤ ਅਧਿਐਨ ਪ੍ਰਣਾਲੀ ਵਿੱਚ ਕਿਸ ਉੱਤੇ ਬਲ ਦੇਂਦਾ ਹੈ ?
(A) ਸਮਾਜ ਉੱਤੇ (B) ਪਾਠਕ ਉੱਤੇ
(C) ਪਾਠ ਪ੍ਰਬੰਧ ਉੱਤੇ (D) ਲੇਖਕ ਉੱਤੇ

37. ਮਨੋਵਿਗਿਆਨਕ ਸਾਹਿਤ ਅਧਿਐਨ ਪ੍ਰਣਾਲੀ ਦੇ ਚਿੰਤਕ ਹਨ :
(A) ਫਰਾਇਡ, ਲਾਕਾਂ, ਅਲਥਿਊਸਰ
(B) ਫਰਾਇਡ, ਯੁੰਗ, ਲਾਕਾਂ
(C) ਯੁੰਗ, ਫਰਾਇਡ, ਏਂਗਲਜ਼
(D) ਫਰਾਇਡ, ਯੁੰਗ, ਮਾਰਕਸ

38. ਕਿਹੜੇ ਵਿਦੇਸ਼ੀ ਵਿਦਵਾਨ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ ?
(A) ਆਈ. ਸੇਰੇਬਰੀਆਨੋਵ (B) ਨਿਊਟਨ
(C) ਗ੍ਰੀਅਰਸਨ (D) ਮੈੱਕਾਲਿਫ

39. ਕਿਸ ਪਾਕਿਸਤਾਨੀ ਪੰਜਾਬੀ ਨਾਵਲਕਾਰ ਦੇ ਨਾਵਲ, ਵੰਡ ਤੋਂ ਪਹਿਲਾਂ ਦਾ ਦ੍ਰਿਸ਼ ਪੇਸ਼ ਕਰਦੇ ਹਨ ?
(A) ਫ਼ਖ਼ਰ ਜ਼ਮਾਨ
(B) ਅਫ਼ਜ਼ਲ ਅਹਿਸਨ ਰੰਧਾਵਾ
(C) ਰਜ਼ੀਆ ਨੂਰ ਮੁਹੰਮਦ
(D) ਬੁਸ਼ਰਾ ਰਹਿਮਾਨ

40. ਕਿਹੜੀ ਆਲੋਚਨਾ ਪ੍ਰਣਾਲੀ ਲੇਖਕ ਦੀ ਵਿਚਾਰਧਾਰਕ ਪ੍ਰਤਿਬੱਧਤਾ ਉਪਰ ਬਲ ਦੇਂਦੀ ਹੈ ?
(A) ਸੰਰਚਨਾਵਾਦ (B) ਪ੍ਰਯੋਗਵਾਦ
(C) ਰੂਪਵਾਦ (D) ਮਾਰਕਸਵਾਦ

41. The Spirit of Oriental Poetry ਕਿਸਦੀ ਰਚਨਾ ਹੈ ?
(A) ਭਾਈ ਵੀਰ ਸਿੰਘ (B) ਪ੍ਰੋ. ਪੂਰਨ ਸਿੰਘ
(C) ਬਲਬੀਰ ਸਿੰਘ (D) ਮੋਹਨ ਸਿੰਘ

42. ਪੰਜਾਬੀ ਵਿੱਚ ਗਿਆਨ ਪੀਠ ਪੁਰਸਕਾਰ ਜੇਤੂ ਹਨ :
(A) ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਕੰਵਲ
(B) ਗੁਰਦਿਆਲ ਸਿੰਘ, ਅੰਮ੍ਰਿਤਾ ਪ੍ਰੀਤਮ
(C) ਬਲਵੰਤ ਗਾਰਗੀ, ਚਰਨਦਾਸ ਸਿੱਧੂ
(D) ਦਲੀਪ ਕੌਰ ਟਿਵਾਣਾ, ਸੁਰਿੰਦਰ ਸਿੰਘ ਨਰੂਲਾ

43. ਕਿਹੜਾ ਸੂਫੀ ਸੰਤ ਦਾਤਾ ਗੰਜ ਬਖਸ਼ ਦੇ ਨਾਂ ਨਾਲ ਵੀ ਮਸ਼ਹੂਰ ਹੈ ?
(A) ਖੁਆਜਾ ਬਖਤਿਆਰ ਕਾਕੀ
(B) ਬਾਬਾ ਫ਼ਰੀਦ
(C) ਅਲੀ ਹੁਜਵੀਰੀ
(D) ਬੁਲ੍ਹੇ ਸ਼ਾਹ

44. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੀ ਵਾਰ ਸਭ ਤੋਂ ਛੋਟੀ ਹੈ ?
(A) ਸਿਰੀ ਰਾਗ ਕੀ ਵਾਰ (B) ਰਾਮਕਲੀ ਕੀ ਵਾਰ
(C) ਆਸਾ ਕੀ ਵਾਰ (D) ਬਸੰਤ ਕੀ ਵਾਰ

45. ਕਰਹਲੇ ਸ਼ਬਦ ਦਾ ਸ਼ਾਬਦਿਕ ਅਰਥ ਹੈ :
(A) ਘੋੜੇ (B) ਊਠ
(C) ਮੱਝਾਂ (D) ਗਾਵਾਂ

46. 'ਪ੍ਰਾਣ ਸੰਗਲੀ' ਨਾਂ ਦੀ ਕੱਚੀ ਬਾਣੀ ਕਿਸ ਗੁਰੂ ਸਾਹਿਬ ਨਾਲ ਜੋੜੀ ਜਾਂਦੀ ਹੈ ?
(A) ਗੁਰੂ ਨਾਨਕ ਦੇਵ ਜੀ (B) ਗੁਰੂ ਅੰਗਦ ਦੇਵ ਜੀ
(C) ਗੁਰੂ ਅਮਰਦਾਸ ਜੀ (D) ਗੁਰੂ ਰਾਮਦਾਸ ਜੀ

47. ਸਾਈਂ ਮੀਆਂ ਮੀਰ ਦਾ ਸੰਬੰਧ ਕਿਸ ਸੂਫੀ ਸਿਲਸਿਲੇ ਨਾਲ ਸੀ ?
(A) ਨਕਸ਼ਬੰਦੀ (B) ਕਾਦਰੀ
(C) ਚਿਸ਼ਤੀ (D) ਸੁਹਰਵਰਦੀ

48. ਕੇਸਰ ਸਿੰਘ ਛਿੱਬਰ ਨੇ ਆਪਣੇ ਜੀਵਨ ਦਾ ਕੁਝ ਸਮਾਂ ਗੁਜ਼ਾਰਿਆ :
(A) ਸ੍ਰੀ ਨਗਰ ਵਿੱਚ (B) ਊਧਮਪੁਰ ਵਿੱਚ
(C) ਜੰਮੂ ਵਿੱਚ (D) ਲੱਦਾਖ ਵਿੱਚ

49. ਸਾਖੀਆਂ, ਗੋਸਟਾਂ ਅਤੇ ਪਰਚੀਆਂ ਹਨ :
(A) ਮੱਧਕਾਲੀ ਕਾਵਿ ਰੂਪ
(B) ਮੱਧਕਾਲੀ ਅਨੁਵਾਦ
(C) ਮੱਧਕਾਲੀ ਵਾਰਤਕ ਰੂਪ
(D) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

50. ਹੇਠ ਲਿਖਿਆਂ ਵਿੱਚੋਂ ਕਿਸਨੇ ਹਕੀਕਤ ਰਾਇ ਦੀ ਵਾਰ ਲਿਖੀ ?
(A) ਤੇਜ ਭਾਨ (B) ਜਸੋਧਾਨੰਦਨ
(C) ਸਾਧੂ ਦਇਆ ਸਿੰਘ (D) ਅਗਰਾ

51. 'ਮਤਲਾ' ਤੇ 'ਮੁਕਤਾ' ਦਾ ਸੰਬੰਧ ਹੈ :
(A) ਪ੍ਰਗੀਤ ਨਾਲ (B) ਗਜ਼ਲ ਨਾਲ
(C) ਰੁਬਾਈ ਨਾਲ (D) ਬਾਰ੍ਹਾਮਾਹ ਨਾਲ

52. ਸਾਹਿਤ ਦੀ ਇਤਿਹਾਸਕਾਰੀ ਵਿੱਚ ਇਨ੍ਹਾਂ ਵਿੱਚੋਂ ਕਿਹੜੀ ਗੱਲ ਨਹੀਂ ਹੁੰਦੀ ?
(A) ਤੱਥਾਂ ਨੂੰ ਤਲਾਸ਼ ਕਰਨਾ
(B) ਤੱਥਾਂ ਦੀ ਪ੍ਰਮਾਣਿਕਤਾ
(C) ਤੱਥਾਂ ਦੀ ਚੋਣ
(D) ਭਾਸ਼ਾ ਦਾ ਵਿਆਕਰਣਕ ਅਧਿਐਨ

53. ਲੇਖਕ ਅਤੇ ਉਸਦੀ ਪੁਸਤਕ ਦਾ ਕਿਹੜਾ ਕ੍ਰਮ ਸਹੀ ਹੈ ?
(A) ਪਿਆਰ ਤੇ ਪਰਿਵਾਰ – ਸਾਹਿਬ ਸਿੰਘ
(B) ਸਮਦਰਸ਼ਨ – ਹਰਿਭਜਨ ਸਿੰਘ
(C) ਗੁਰਬਾਣੀ ਵਿਆਕਰਣ – ਰਤਨ ਸਿੰਘ ਜੱਗੀ
(D) ਸਿੱਖ ਫਲਸਫੇ ਦੀ ਭੂਮਿਕਾ – ਜਸਬੀਰ ਸਿੰਘ ਆਹਲੂਵਾਲੀਆ

54. 'ਧੂਣੀ ਦੀ ਅੱਗ' ਹੈ :
(A) ਨਾਵਲ (B) ਨਾਟਕ
(C) ਕਹਾਣੀ ਸੰਗ੍ਰਹਿ (D) ਨਿਬੰਧ ਸੰਗ੍ਰਹਿ

55. ਇਨ੍ਹਾਂ ਵਿੱਚੋਂ ਕਿਹੜਾ ਪੰਜਾਬੀ ਕਹਾਣੀਕਾਰ ਨਹੀਂ ?
(A) ਕੁਲਵੰਤ ਸਿੰਘ ਵਿਰਕ (B) ਸੁਜਾਨ ਸਿੰਘ
(C) ਨਵਤੇਜ ਸਿੰਘ (D) ਸ. ਸ. ਮੀਸ਼ਾ

56. ਕਿਹੜਾ ਨਾਵਲ ਜੰਮੂ–ਕਸ਼ਮੀਰ 'ਤੇ ਆਧਾਰਿਤ ਹੈ ?
(A) ਜਲੁ ਬਿਨ ਕੁੰਭ (B) ਪਵਿੱਤਰ ਪਾਪੀ
(C) ਪਰਸਾ (D) ਤਫ਼ਤੀਸ਼

57. ਇਨ੍ਹਾਂ ਵਿੱਚੋਂ ਕਿਹੜਾ ਨਾਂ ਇਕ ਰਿਸਾਲੇ ਦਾ ਵੀ ਹੈ ?
(A) ਰਾਵੀ (B) ਬਿਆਸ
(C) ਜੇਹਲਮ ਦਾ ਪਾਣੀ (D) ਸਤਲੁਜ

58. ਲੋਕਧਾਰਾ ਦਾ ਪ੍ਰਕਾਰਜ ਹੈ :
(A) ਬੁਝਾਰਤਾਂ ਸਾਡੀ ਸੋਚ ਨੂੰ ਤਿਖਿਆਂ ਕਰਦੀਆਂ ਹਨ
(B) ਅਖਾਣ–ਮੁਹਾਵਰੇ ਨਿਆਂਸੰਗਤ ਹੁੰਦੇ ਹਨ
(C) ਪੁਰਾਣ ਕਥਾ ਤੋਂ ਵਿਵਹਾਰ ਦਾ ਪਤਾ ਲਗਦਾ ਹੈ
(D) ਉਪਰੋਕਤ ਤਿੰਨੇ ਸਹੀ ਹਨ

59. 'ਨਿੱਕੀ ਜੇਹੀ ਘੜੀ ਰਾਣੀ ਵੀ ਨਾਤ੍ਹੀ ਰਾਜਾ ਵੀ ਨਾਤ੍ਹਾ ਫਿਰ ਵੀ ਭਰੀ ਦੀ ਭਰੀ' :
(A) ਸੁਰਮੇਦਾਨੀ (B) ਗੜਵੀ
(C) ਬਾਉਲੀ (D) ਖੂਹ

60. "ਛੇਤੀ ਛੇਤੀ ਵੱਧ ਕਿੱਕਰੇ ਅਸੀਂ ਸੱਸ ਦਾ ਸੰਦੂਕ ਬਣਾਉਣਾ" ਵਿੱਚ ਕਿਸ ਗੱਲ ਵੱਲ ਸੰਕੇਤ ਹੈ ?
(A) ਨੂੰਹ ਸੱਸ ਦੇ ਪਿਆਰ ਵੱਲ
(B) ਸੱਸ ਸਹੁਰੇ ਦੇ ਪਿਆਰ ਵੱਲ
(C) ਨੂੰਹ ਸੱਸ ਦੀ ਲੜਾਈ ਵੱਲ
(D) ਪਤੀ ਅਤੇ ਸੱਸ ਦਾ ਪਿਆਰ

61. ਪੰਜਾਬੀ ਵਿੱਚ ਫ਼ੋਕਲੋਰ ਲਈ 'ਲੋਕ ਵੇਦ' ਸ਼ਬਦ ਵਰਤਿਆ :
(A) ਹਰਿਭਜਨ ਸਿੰਘ ਨੇ
(B) ਵਣਜਾਰਾ ਬੇਦੀ ਨੇ
(C) ਦੇਵਿੰਦਰ ਸਤਿਆਰਥੀ ਨੇ
(D) ਮਹਿੰਦਰ ਸਿੰਘ ਰੰਧਾਵਾ ਨੇ

62. ਮਾਘੀ ਦਾ ਮੇਲਾ ਕਿਹੜੇ ਸ਼ਹਿਰ ਦਾ ਵਧੇਰੇ ਪ੍ਰਸਿੱਧ ਹੈ ?
(A) ਫਤਹਿਗੜ੍ਹ ਸਾਹਿਬ ਦਾ
(B) ਸ੍ਰੀ ਅੰਮ੍ਰਿਤਸਰ ਦਾ
(C) ਬਠਿੰਡੇ ਦਾ
(D) ਸ੍ਰੀ ਮੁਕਤਸਰ ਸਾਹਿਬ ਦਾ

63. 'ਸਭਿਆਚਾਰ ਪਤ੍ਰਿਕਾ' ਕਿਸ ਅਦਾਰੇ ਵਲੋਂ ਪ੍ਰਕਾਸ਼ਿਤ ਹੋ ਰਹੀ ਹੈ ?

(A) ਗੁਰੂ ਨਾਨਕ ਦੇਵ ਯੂਨੀਵਰਸਿਟੀ

(B) ਪੰਜਾਬੀ ਯੂਨੀਵਰਸਿਟੀ

(C) ਪੰਜਾਬ ਯੂਨੀਵਰਸਿਟੀ

(D) ਦਿੱਲੀ ਯੂਨੀਵਰਸਿਟੀ

64. ਇਨ੍ਹਾਂ ਵਿੱਚੋਂ ਕਿਹੜਾ ਜੁੱਟ ਲੋਕ ਕਾਵਿ ਰੂਪ ਨਹੀਂ ਹੈ ?

(A) ਢੋਲਾ, ਮਾਹੀਆ, ਟੱਪਾ

(B) ਅਲਾਹੁਣੀ, ਲੋਰੀ, ਮਾਹੀਆ

(C) ਰੁਬਾਈ, ਕਿੱਸਾ, ਸੀਹਰਫੀ

(D) ਬੋਲੀ, ਢੋਲਾ, ਕੀਰਨਾ

65. 'ਸੋਨਸ਼ਿਲਪ' ਪੁਸਤਕ ਹੈ :

(A) ਗਹਿਣਿਆਂ ਬਾਰੇ (B) ਕਪੜਿਆਂ ਬਾਰੇ

(C) ਲੋਕ ਸਾਹਿਤ ਬਾਰੇ (D) ਸਲਾਈ ਕਢਾਈ ਬਾਰੇ

66. ਬੈਕੁੰਠ, ਭਿਸਤ, ਫਿਰਦੋਸ ਸ਼ਬਦ ਸੂਚਕ ਹਨ :

(A) ਨਰਕ ਦੇ (B) ਯਮਲੋਕ ਦੇ

(C) ਸੁਅਰਗ ਦੇ (D) ਦੋਜ਼ਖ ਦੇ

67. 'ਭਾਰਤ ਦਾ ਕੌਮੀ ਸਭਿਆਚਾਰ' ਪੁਸਤਕ ਦਾ ਮੂਲ ਲੇਖਕ ਹੈ :

(A) ਮਿਰਜ਼ਾ ਗਾਲਿਬ (B) ਅੱਲਾਮਾ ਇਕਬਾਲ

(C) ਮੁਹੰਮਦ ਹੁਸੈਨ ਅਜ਼ਾਦ (D) ਆਬਿਦ ਹੁਸੈਨ

68. 'ਬਾਬਲ ਧਰਮੀ ਦਾ ਦੇਸ' ਅਤੇ 'ਲੋਕ ਗੀਤਾਂ ਦੀਆਂ ਸਰੀਆਂ' ਪੁਸਤਕਾਂ ਦਾ ਸੰਪਾਦਕ ਹੈ :

(A) ਕਰਮਜੀਤ ਸਿੰਘ (B) ਸੁਹਰਯਾਰ

(C) ਕੁਲਵੰਤ ਸਿੰਘ ਔਲਖ (D) ਨਾਹਰ ਸਿੰਘ

69. ਲੋਕ ਵਿਸ਼ਵਾਸ਼ਾਂ ਵਿੱਚ ਕੀ-ਕੀ ਸ਼ਾਮਲ ਹੈ ?

(A) ਜਾਦੂ ਟੂਣੇ (B) ਜੰਤਰ ਮੰਤਰ

(C) ਝਾੜ ਫੂਕ (D) ਉਪਰੋਕਤ ਸਾਰੇ ਹੀ

70. ਲੋਕ ਗੀਤਾਂ ਦੀ ਕਿਹੜੀ ਵੰਨਗੀ ਹੈ ਜਿਸ ਵਿੱਚ ਲਾੜੇ ਦੇ ਖਾਨਦਾਨ ਦੀ ਵਡਿਆਈ ਕੀਤੀ ਗਈ ਹੁੰਦੀ ਹੈ ?

(A) ਸਿੱਠਣੀ (B) ਸੁਹਾਗ

(C) ਲੋਰੀ (D) ਘੋੜੀ

71. ਇਨ੍ਹਾਂ ਵਿੱਚੋਂ ਕਿਹੜੀ ਪੁਸਤਕ ਸੁਖਦੇਵ ਮਾਦਪੁਰੀ ਦੀ ਨਹੀਂ ਹੈ ?

(A) ਗਾਉਂਦਾ ਪੰਜਾਬ (B) ਜਰੀ ਦਾ ਟੋਟਾ

(C) ਨੈਣਾਂ ਦੇ ਵਣਜਾਰੇ (D) ਲੋਕ ਆਖਦੇ ਹਨ

72. ਪੰਜਾਬੀ ਲੋਕ ਇਨ੍ਹਾਂ ਵਿੱਚੋਂ ਕਿਸ ਨੂੰ ਮਾਰਨ ਦਾ ਪਾਪ ਮੰਨਦੇ ਹਨ ?

(A) ਚੂਹਾ ਮਾਰਨਾ (B) ਪਿੱਸੂ ਮਾਰਨਾ

(C) ਬਿੱਲੀ ਮਾਰਨਾ (D) ਜੂੰ ਮਾਰਨਾ

73. ਸਖੀ ਸਰਵਰ ਦਾ ਹੋਰ ਕਿਹੜਾ ਨਾਂ ਹੈ ?

(A) ਪੀਰ ਨਿਗਾਹੀਆ (B) ਧੌਂਕਲ ਵਾਲਾ ਪੀਰ

(C) ਲਾਲਾਂ ਵਾਲਾ ਪੀਰ (D) ਇਹ ਸਾਰੇ ਹੀ

74. ਵਿਆਂਦੜ ਕੁੜੀ (ਲਾੜੀ) ਨੂੰ ਵਿਆਹ ਸਮੇਂ ਕਿਸ ਵੱਲੋਂ ਲਿਆਂਦੇ ਕਪੜੇ ਪਹਿਨਾਏ ਜਾਂਦੇ ਹਨ ?

(A) ਤਾਏ ਵੱਲੋਂ
(B) ਚਾਚੇ ਵੱਲੋਂ
(C) ਮਾਮੇ ਵੱਲੋਂ
(D) ਮਾਸੜ ਵੱਲੋਂ

75. ਕਿਸੇ ਸਾਹਿਤ ਰਚਨਾ ਦਾ ਲੋਕਧਾਰਾਈ ਅਧਿਐਨ ਕਰਨ ਲਈ ਕਿਸਦਾ ਵਿਸ਼ਲੇਸ਼ਣ ਜ਼ਰੂਰੀ ਹੈ ?

(A) ਲੋਕ ਰੂੜ੍ਹੀਆਂ ਦਾ
(B) ਲੇਖਕ ਦੇ ਜੀਵਨ ਦਾ
(C) ਸਮਕਾਲੀ ਹਾਲਤਾਂ ਦਾ
(D) ਵਿਆਕਰਣ ਦਾ

## ROUGH WORK

## ROUGH WORK

**ROUGH WORK**